# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸੱਮਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,

ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212316 Website: www.ssapunjab.org


ਵੱਲ,

(1) ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ ਐ.ਸਿ.), ਪੰਜਾਬ।
(2) ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ : ਸਸਅ/ਐਮਸੀ/2019/ ੬੧੭-੩੦
ਮਿਤੀ : ੨੫-12-2018

ਵਿਸ਼ਾ :- **ਵਿਦਿਆਰਥੀਆਂ ਵਿੱਚ ਦੇਸ਼ ਦੀ ਸੁਰੱਖਿਆ ਲਈ ਅਹਿਮ ਯੋਗਦਾਨ ਨਿਭਾਉਣ ਵਾਲੇ ਫੌਜੀਆਂ ਪ੍ਰਤੀ ਇੱਜਤ-ਮਾਨ ਪੈਦਾ ਕਰਨ ਸਬੰਧੀ।**

1.0 ਉੱਕਤ ਵਿਸ਼ੇ ਸਬੰਧੀ ਵਿਦਿਆਰਥੀਆਂ ਨੂੰ ਦੇਸ਼ ਦੀ ਸੁਰੱਖਿਆ ਲਈ ਅਹਿਮ ਯੋਗਦਾਨ ਨਿਭਾਉਣ ਵਾਲੇ ਫੌਜੀਆਂ ਪ੍ਰਤੀ ਇੱਜਤ-ਮਾਨ, ਸਨਮਾਨ ਪੈਦਾ ਕਰਨ ਸਨਮੁੱਖ ਲਿਖਿਆ ਜਾਂਦਾ ਹੈ ਕਿ

1) ਜਦੋਂ ਵੀ ਸੰਭਵ ਹੋਵੇ, ਸਵੇਰ ਦੀ ਸਭਾ ਵਿੱਚ ਆਪਣੇ ਸ਼ਹਿਰ/ਪਿੰਡ ਦੇ ਫੌਜੀ /ਸਾਬਕਾ-ਫੌਜੀਆਂ ਨੂੰ ਬੁਲਾ ਕੇ ਉਹਨਾਂ ਦੇ ਤਜਰਬੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ ਜਾਣ ਅਤੇ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ motivate ਕਰਦੇ ਹੋਏ Army Force ਵਿੱਚ ਜਾਣ ਲਈ ਦੇਸ਼ ਭਗਤੀ ਦੀ ਭਾਵਨਾ ਪੈਦਾ ਕੀਤੀ ਜਾਵੇ ਅਤੇ ਵਿਦਿਆਰਥੀਆਂ ਨੂੰ Army ਦੀ ਵੱਖ-ਵੱਖ ਪੋਸਟਾਂ ਦੀ ਭਰਤੀ ਪ੍ਰਕ੍ਰਿਆ ਬਾਰੇ ਦੱਸਿਆ ਜਾਵੇ।
2) ਸਕੂਲ ਦਾ Ex-student ਜੋ army force ਜਾਂ ਹੋਰ ਮਹਿਕਮੇ ਵਿੱਚ ਕਿਸੇ ਵੀ ਅਹੁੱਦੇ ਤੇ ਤੈਨਾਤ ਹੈ, ਉਸ ਨੂੰ ਸਕੂਲ ਵਿੱਚ annual function ਜਾਂ sports day ਵਾਲੇ ਦਿਨ ਬੁਲਾ ਕੇ ਸਨਮਾਨਿਤ ਕੀਤਾ ਜਾਵੇ, ਤਾਂ ਜੋ ਉਹ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣ ਸਕਣ।
3) ਜੋ ਪਿੰਡ/ਸ਼ਹਿਰ ਦੇ ਸੈਨਿਕ ਦੇਸ਼ ਦੀ ਰੱਖਿਆ ਖਾਤਰ ਸ਼ਹੀਦ ਹੋ ਗਏ ਹਨ, ਉਹਨਾਂ ਦੇ ਸ਼ਹੀਦੀ ਦਿਨ ਵਾਲੇ ਦਿਨ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਬੁਲਾ ਕੇ ਸਵੇਰ ਦੀ ਸਭਾ ਵਿੱਚ ਸਨਮਾਨਤ ਕੀਤਾ ਜਾਵੇ, ਤਾਂ ਜੋ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਹ ਮਹਿਸੂਸ ਹੋਵੇ ਕਿ ਉਹਨਾਂ ਦੇ ਬੇਟੇ/ਪਤੀ ਦੀ ਸ਼ਹੀਦੀ ਵਿਅਰਥ ਨਹੀਂ ਗਈ ਹੈ ਬਲਕਿ ਦੇਸ਼ ਉਹਨਾਂ ਦੇ ਇਸ ਬਲਿਦਾਨ ਦੀ ਕਦਰ ਕਰਦਾ ਹੈ ਅਤੇ ਉਸ ਦੇ ਪਰਿਵਾਰਕ ਮੈਂਬਰ ਆਪਣੇ ਬੇਟੇ/ਪਤੀ ਤੇ ਗੌਰਵ ਮਹਿਸੂਸ ਕਰਨ।
4) ਆਮ ਤੌਰ ਤੇ ਫੌਜੀਆਂ/ਸਾਬਕਾ ਫੌਜੀਆਂ ਨੂੰ PT ਅਤੇ Physical Excercise ਦਾ ਬਹੁਤ ਤਜਰਬਾ ਹੁੰਦਾ ਹੈ। ਜਿੱਥੇ ਤੱਕ ਸੰਭਵ ਹੋਵੇ ਵਧੀਆ ਫੌਜੀਆਂ ਨੂੰ ਸਕੂਲ ਵਿੱਚ ਬੁਲਾ ਕੇ ਵਿਦਿਆਰਥੀਆਂ ਲਈ PT/Drill ਆਦਿ ਦੀ ਟ੍ਰੇਨਿੰਗ ਕਰਵਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ